# ਪੰਜਾਬੀ ਭਾਸ਼ਾ ਦਾ ਅਠਾਰਵੀਂ ਸਦੀ ਤੋਂ ਵਰਤਮਾਨ ਤੱਕ ਦਾ ਸਫ਼ਰ

ਅਠਾਰਵੀਂ ਸਦੀ ਦਾ ਆਰੰਭ ਤੇ ਸਤਾਰਵੀਂ ਸਦੀ ਦੇ ਆਖਰੀ ਸਾਲ 1699 ਨੂੰ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ 230 ਸਾਲ ਪਹਿਲਾਂ ਸਮੁੱਚੀ ਮਨੁੱਖਤਾ ਦੀ ਸਰਬਪੱਖੀ ਆਜ਼ਾਦੀ ਲਈ ਆਰੰਭੇ ਇਨਕਲਾਬ ਨੂੰ ਆਖਰੀ ਛੋਹ "ਗੁਰ ਸੰਗਤਿ ਕੀਨੀ ਖਾਲਸਾ" ਦਾ ਕੌਤਕ ਵਰਤ ਰਿਹਾ ਸੀ।

ਅੱਜ ਤੋਂ ਤਕਰੀਬਨ ਇੱਕ ਹਜਾਰ ਸਾਲ ਪਹਿਲਾਂ ਲਾਹੌਰ ਵਿੱਚ ਰਾਜਾ ਜੈਪਾਲ ਦੀ ਹਾਰ ਪਿੱਛੋਂ ਪੰਜਾਬ ਵਿੱਚ ਕਦੇ ਇਰਾਨੀ ਆਏ, ਫੇਰ ਯੂਨਾਨੀ, ਸ਼ੱਕ, ਕੁਸ਼ਾਣ, ਹੂਣ, ਅਰਬ, ਤੁਰਕ, ਪਠਾਣ, ਮੁਗਲ, ਅਫਗਾਨ ਤੇ ਆਖੀਰ ਵਿੱਚ ਅੰਗਰੇਜ ਆਏ। ਇਸੇ ਦੌਰਾਨ ਪੂਰਬ ਵੱਲੋਂ ਉੱਤਰ ਪ੍ਰਦੇਸ਼, ਰਾਜਸਥਾਨ, ਉੜੀਸਾ, ਬੰਗਾਲ, ਬਿਹਾਰ ਤੇ ਦੱਖਣ ਤੱਕ ਦੇ ਲੋਕ ਵੀ ਆਏ। ਇਹਨਾਂ ਚੋਂ ਕਿਸੇ ਨੇ ਵੀ ਇੱਥੋਂ ਦੀ ਲੋਕ ਬੋਲੀ ਪੰਜਾਬੀ ਨੂੰ ਹਕੂਮਤੀ ਬੋਲੀ ਵਜੋਂ ਨਹੀਂ ਅਪਣਾਇਆ। ਕਿਉਂਕਿ ਪੰਜਾਬੀ ਹਜਾਰਾਂ ਸਾਲ ਤੋਂ ਲੋਕ ਬੋਲੀ ਤਾਂ ਰਹੀ ਪਰ ਸਰਕਾਰੀ ਭਾਸ਼ਾ ਨਾ ਬਣ ਸਕੀ। ਇਸਦੇ ਬਜਾਏ ਇਰਾਨੀ ਬੋਲੀ ਫਾਰਸੀ ਬਤੌਰ ਹਕੂਮਤੀ ਬੋਲੀ ਵਜੋਂ ਲਾਗੂ ਕੀਤੀ ਗਈ, ਜੋ ਮੁੱਢਲੀ ਤੇ ਉਚੇਰੀ ਵਿੱਦਿਆ ਦਾ ਮਾਧਿਅਮ ਵੀ ਬਣੀ। ਹਾਕਮਾਂ ਦੀ ਬੋਲੀ ਹੋਣ ਕਾਰਨ ਫਾਰਸੀ ਨਾਲ ਅਸਰ ਰਸੂਖ ਵੀ ਜੁੜ ਗਿਆ। ਜਿਸ ਕਰਕੇ ਸਰਕਾਰੀ ਨੌਕਰੀ ਤੇ ਚੰਗੀ ਰੋਜ਼ੀ ਰੋਟੀ ਲਈ ਫਾਰਸੀ ਦੀ ਪੜ੍ਹਾਈ ਹੀ ਕਰਨੀ ਪੈਂਦੀ ਸੀ। ਰਾਇ ਬੁਲਾਰ ਵੱਲੋਂ ਗੁਰੂ ਨਾਨਕ ਜੀ ਦੇ ਪਿਤਾ ਨੂੰ ਕਹਿਣਾ "ਨਾਨਕ ਨੂੰ ਫਾਰਸੀ ਪੜਾਉ, ਸਰਕਾਰੀ ਨੌਕਰੀ ਦੇ ਯੋਗ ਹੋ ਜਾਵੇਗਾ ਤੇ ਚੰਗੀ ਰੋਟੀ ਰੋਜ਼ੀ ਕਮਾ ਸਕੇਗਾ"। ਉਪਰੋਕਤ ਗੱਲ ਦਾ ਸਬੂਤ ਹੈ।

ਬਾਹਰੋਂ ਆਈ ਬੋਲੀ ਦੇ ਪ੍ਰਸਾਰ ਦੇ ਨਾਲ ਹੀ ਭਾਸ਼ਾਈ ਤੇ ਸੱਭਿਆਚਾਰਕ ਗੁਲਾਮੀ ਦਾ ਦੌਰ ਵੀ ਲੰਬੇ ਸਮੇਂ ਲਈ ਸ਼ੁਰੂ ਹੁੰਦਾ ਹੈ। ਜਿਸਦੇ ਵਿਰੁੱਧ ਸਿਰਫ਼ ਗੁਰੂ ਨਾਨਕ ਜੀ ਨੇ 15ਵੀਂ ਸਦੀ ਵਿੱਚ ਆਵਾਜ਼ ਉਠਾਈ "ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵੁਰ ਤੁਮਾਰੀ"। ਗੁਰੂ ਸਾਹਿਬਾਂ ਨੇ ਬੋਲੀ ਦੀ ਗੁਲਾਮੀ ਖਤਮ ਕਰਨ ਲਈ ਜਿੱਥੇ ਯਤਨ ਆਰੰਭੇ ਉੱਥੇ ਜੱਦੋ ਜਹਿਦ ਵੀ ਕੀਤੀ। ਗੁਰਮੁਖੀ ਲਿੱਪੀ ਨੂੰ ਤਰਤੀਬ ਬੱਧ ਕੀਤਾ, ਪੰਜਾਬੀ ਲੋਕ ਧਾਰਾ ਮੁਤਾਬਿਕ ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ। ਵਾਰਾਂ, ਛੰਦ, ਘੋੜੀਆਂ, ਅਲਾਹੁਣੀਆਂ, ਬਾਰਾਂ ਮਾਂਹ ਆਦਿ ਲੋਕ ਗੀਤਾਂ ਵਾਂਗ ਹੀ ਰੂਹਾਨੀਅਤ ਭਰਪੂਰ ਸ਼ਬਦਾਂ ਦੀ ਰਚਨਾ ਕੀਤੀ ਅਤੇ ਪੰਜਾਬੀ ਭਾਸ਼ਾ ਦੀ ਅਮੀਰੀ ਨੂੰ ਆਮ ਲੋਕਾਂ ਤੱਕ ਪੁਚਾਇਆ।

1699 ਵਿੱਚ ਖਾਲਸਾ ਸਾਜਨਾ ਦੇ ਸਮੇਂ ਆਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਭਾਈ ਨੰਦ ਲਾਲ ਵਰਗੇ ਉੱਚ ਕੋਟੀ ਦੇ 52 ਕਵੀ, ਵਿਦਵਾਨ ਸਾਹਿਤ ਰਚਨਾ ਕਰ ਰਹੇ ਸਨ। ਧਰਮ ਅਤੇ ਸਿੱਖਿਆ ਦੇ ਖੇਤਰ ਵਿੱਚ ਬ੍ਰਾਹਮਣ ਤੇ ਕਾਜ਼ੀ ਦੀ ਗੁਲਾਮੀ ਨੂੰ ਖਤਮ ਕਰਨ ਲਈ ਪੁਰਾਤਨ ਸਾਹਿਤਕ ਤੇ ਧਾਰਮਿਕ ਗਰੰਥਾਂ ਦੇ ਪੰਜਾਬੀ ਵਿੱਚ ਉਲੱਥੇ ਕੀਤੇ ਜਾ ਰਹੇ ਸਨ। ਬੇਸ਼ੱਕ ਸਰਕਾਰੀ ਭਾਸ਼ਾ ਫਾਰਸੀ ਹੀ ਸੀ ਪਰ ਆਮ ਲੋਕਾਂ ਵਿੱਚੋਂ ਭਾਸ਼ਾ ਦੀ ਗੁਲਾਮੀ ਖਤਮ ਕਰਨ ਹਿੱਤ ਪੰਜਾਬੀ ਲਈ ਉੱਚ ਪੱਧਰੀ ਉੱਦਮ ਹੋ ਰਹੇ ਸਨ। ਇਸਦੇ ਸਬੂਤ ਰਹਿਤਨਾਮਿਆਂ ਵਿੱਚ ਹਦਾਇਤਾਂ ਦੇ ਰੂਪ ਵਿੱਚ ਵੀ ਦੇਖੇ ਜਾ ਸਕਦੇ ਹਨ। "ਪੰਜਾਬੀ ਪੜਨ, ਸਿੱਖਣ ਤੇ ਗੁਰਮੁਖੀ ਦੀ ਸਿੱਖਿਆ ਜ਼ਰੂਰੀ ਹੈ"।
*ਰਹਿਤਨਾਮਾ ਭਾਈ ਦੇਸਾ ਸਿੰਘ ਤੇ ਚੌਪਾ ਸਿੰਘ

ਅਠਾਰਵੀਂ ਸਦੀ ਦੇ ਕੁੱਲ ਸਮੇਂ ਵਿੱਚੋਂ ਤਕਰੀਬਨ 90 ਸਾਲ ਪੰਜਾਬੀਆਂ ਨੇ ਆਪਣੇ ਸਿਰਾਂ ਨੂੰ ਤਲੀ ਉੱਪਰ ਰੱਖ ਕੇ ਆਪਣੀ ਹੋਂਦ ਦੀ ਲੜਾਈ ਲੜੀ। ਘਰ ਘਾਟ, ਖਾਣ ਪਾਣ ਸਭ ਖੁਸ ਗਿਆ। ਪਰ ਪੰਜਾਬੀ ਤੇ ਸਾਹਿਤ ਨਾਲ ਲਗਾਉ ਵਿੱਚ ਕੋਈ ਫਰਕ ਨਹੀਂ ਪਿਆ। ਭਾਈ ਮਨੀ ਸਿੰਘ ਆਦਿ ਲਿਖਤ ਜਨਮ ਸਾਖੀਆਂ, ਬੰਸਾਵਲੀਨਾਮੇ, ਭੱਟ ਬਹੀਆਂ ਆਦਿ ਦੇ ਰੂਪ ਵਿੱਚ ਪੰਜਾਬੀ ਸਾਹਿਤ ਦੀ ਰਚਨਾ ਹੁੰਦੀ ਰਹੀ। ਇਸੇ ਸਮੇਂ ਵਿੱਚ ਸ਼ਾਹ ਹੁਸੈਨ (1539-

1599), ਸੁਲਤਾਨ ਬਾਹੂ (1630-1691), ਵਾਰਿਸ ਸ਼ਾਹ (1722-1799), ਬੁੱਲੇ ਸ਼ਾਹ (1680-1757), ਹਾਸ਼ਮ (1752-1843), ਦਮੋਦਰ ਦਾਸ ਅਰੋੜਾ, ਮਹੁੰਮਦ ਬਖਸ਼ (1830-1907) ਵਰਗੇ ਅਨੇਕਾਂ ਲਿਖਾਰੀਆਂ ਨੇ ਪੰਜਾਬੀ ਵਿੱਚ ਪ੍ਰੀਤ ਕਹਾਣੀਆਂ ਦੇ ਮਹਾਂਕਾਵਿ, ਕਿੱਸੇ ਤੇ ਸੂਫ਼ੀ ਸਾਹਿਤ ਦੀ ਰਚਨਾ ਕੀਤੀ। ਸਾਹਿਤ ਦੀ ਰਚਨਾ ਹੋਰ ਵੀ ਹੋਈ, ਪਰ ਉਸਦੀ ਯੋਗ ਸੰਭਾਲ ਨਾ ਹੋ ਸਕਣ ਕਾਰਨ ਨਾ ਉਹ ਆਮ ਲੋਕਾਂ ਤੱਕ ਪਹੁੰਚੀ ਅਤੇ ਨਾ ਹੀ ਇਤਿਹਾਸ ਦਾ ਹਿੱਸਾ ਬਣ ਸਕੀ। ਇੱਕ ਉਦਾਹਰਨ ਦੇ ਤੌਰ 'ਤੇ ਪ੍ਰੋ ਪ੍ਰੀਤਮ ਸਿੰਘ ਪਟਿਆਲਾ ਦੀ ਲਿਖਤ "ਪੰਜਾਬ ਪੰਜਾਬੀ ਪੰਜਾਬੀਅਤ" ਵਿੱਚ ਦਿੱਲੀ ਤਖਤ ਦੇ ਆਖਰੀ "ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ" ਦੀ ਕੁਝ ਰਚਨਾ ਠੇਠ ਪੰਜਾਬੀ ਵਿੱਚ ਤੇ ਕੁਝ ਗੁਲਾਬੀ ਪੰਜਾਬੀ ਵਿੱਚ ਜੋ ਇਸ ਗੱਲ ਦਾ ਸਬੂਤ ਹੈ ਕਿ ਪੰਜਾਬੀ ਦੀ ਪਹੁੰਚ ਦਿੱਲੀ ਤਖਤ ਤੱਕ ਵੀ ਸੀ ਤੇ ਇੱਕ ਬਾਦਸ਼ਾਹ ਆਪਣੀ ਸ਼ਾਇਰੀ ਨੂੰ ਪੰਜਾਬੀ ਵਿੱਚ ਵੀ ਲਿਖਦਾ ਸੀ।

ਅਗਲੇ ਹਾਲ ਤੂੰ ਤੈਂ ਕੀ ਪੁੱਛਦਾ,
ਦੇਖ, ਇਹ ਅਬ ਜੋ ਹਾਲ
ਖਾਕ ਵੀ ਹੁਣ ਤਾਂ ਲੱਗਦੀ ਨਾ
ਆਪਣੇ ਪੈਰਾਂ ਨਾਲ।
ਇੱਕ ਹੋਰ ਸ਼ੇਅਰ
ਦੇਖ ਕੇ ਸੁੰਨੀ ਸੇਜ ਪੀਆ ਬਿਨ,
ਭਰ ਭਰ ਆਉਂਦੇ ਨੈਣ
ਕੁਛ ਮਤ ਪੁੱਛੋ ਲੋਗਾ, ਮੈਨੂੰ
ਕਿਉਂ ਕਰ ਕੱਟਦੀ ਰੈਣ

ਬਾਬਾ ਫਰੀਦ ਜੀ 13ਵੀਂ ਸਦੀ ਵਿੱਚ ਤੇ ਗੁਰੂ ਨਾਨਕ ਜੀ 15ਵੀਂ ਸਦੀ ਵਿੱਚ ਹੋਏ। ਇਸ ਦੌਰਾਨ ਕੋਈ ਖਾਸ ਕੰਮ ਭਾਸ਼ਾ ਦੇ ਸੰਬੰਧ ਵਿੱਚ ਹੋਇਆ ਨਹੀਂ ਮਿਲਦਾ। ਧਿਆਨ ਦੇਣ ਯੋਗ ਗੱਲ ਹੈ ਕਿ ਇਹ ਤਾਂ ਹੋ ਨਹੀਂ ਸਕਦਾ ਕਿ ਪੰਜਾਬ ਦੇ ਜ਼ਿੰਦਾਦਿਲ ਲੋਕ ਜਿਹਨਾਂ ਦਾ ਹਰ ਕਾਰਜ ਹੀ ਲੋਕ ਗੀਤਾਂ ਨਾਲ ਸਿਰੇ ਚੜ੍ਹਦਾ ਹੈ, ਨੇ ਸਾਹਿਤਕ ਰਚਨਾ ਨਾ ਕੀਤੀ ਹੋਵੇ। ਜ਼ਿਕਰਯੋਗ ਹੈ ਕਿ ਬਾਬਾ ਫਰੀਦ ਜੀ ਤੇ ਹੋਰ ਭਗਤਾਂ ਦੀਆਂ ਰਚਨਾਵਾਂ ਨੂੰ ਜੇਕਰ ਗੁਰੂ ਨਾਨਕ ਜੀ ਤੇ ਬਾਕੀ ਗੁਰੂ ਸਾਹਿਬਾਨ ਜੀ ਨਾ ਸੰਭਾਲਦੇ ਤਾਂ ਸ਼ਾਇਦ ਇਸ ਵਿੱਚੋਂ ਵੀ ਬਹੁਤ ਕੁਝ ਗੁਆਚ ਗਿਆ ਹੁੰਦਾ। ਸੋ 13ਵੀ ਤੋਂ 15ਵੀਂ ਸਦੀ ਦੇ ਸਮੇਂ ਵਿੱਚ ਰਚਿਆ ਗਿਆ ਸਾਹਿਤ ਸੰਭਾਲ ਨਾ ਹੋਣ ਕਾਰਨ ਵੀ ਗੁਆਚ ਗਿਆ ਹੋਵੇਗਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ (1780-1848) ਵੀ ਸਰਕਾਰੀ ਭਾਸ਼ਾ ਫਾਰਸੀ ਹੀ ਰਹੀ, ਮੁੱਢਲੀ ਸਿੱਖਿਆ ਭਾਵੇਂ ਪੰਜਾਬੀ ਵਿੱਚ ਸੀ, ਪਰ ਲਿੱਪੀ ਸ਼ਾਹਮੁੱਖੀ ਹੀ ਵਰਤੀ ਜਾਂਦੀ ਰਹੀ। ਰਣਜੀਤ ਸਿੰਘ ਦੇ ਰਾਜ ਸਮੇਂ ਜ਼ਰੂਰੀ ਪੜਾਇਆ ਜਾਣ ਵਾਲਾ ਕੈਦਾ "ਨੂਰ" ਸ਼ਾਹਮੁਖੀ ਲਿੱਪੀ ਵਿੱਚ ਹੀ ਲਿਖਿਆ ਹੋਇਆ ਸੀ। ਡਾ ਜੀ ਡਬਲਊ ਲੈਟਨਰ (G W Leitner) ਦੀ ਰਿਪੋਰਟ ਮੁਤਾਬਿਕ ਉਸ ਸਮੇਂ ਲੰਡੇ ਅਤੇ ਸੰਸਕ੍ਰਿਤ ਦੀ ਪੜਾਈ ਤਾਂ ਕਰਾਈ ਜਾਂਦੀ ਸੀ। ਪਰ ਗੁਰਮੁਖੀ ਲਿੱਪੀ ਸਿਰਫ਼ ਧਰਮਸ਼ਾਲਾਵਾਂ ਜਾਂ ਗੁਰਦਵਾਰਿਆਂ ਵਿੱਚ ਹੀ ਪੜਾਈ ਜਾਂਦੀ ਸੀ। ਗੁਰਮੁਖੀ ਪੜਾਉਣ ਦਾ ਕੋਈ ਸਰਕਾਰੀ ਪ੍ਰਬੰਧ ਨਹੀਂ ਸੀ। ਫਿਰ ਵੀ ਇਸ ਸਮੇਂ ਵਿੱਚ ਪੰਜਾਬੀ ਸਾਹਿਤ ਦੀ ਬਹੁਤ ਸਾਰੀ ਰਚਨਾ ਹੋਈ। ਜਿਸ ਵਿੱਚ ਅਸੀਂ ਗਿਆਨੀ ਗਿਆਨ ਸਿੰਘ ਜੀ ਦੀ ਰਚਨਾ "ਪ੍ਰਾਚੀਨ ਪੰਥ ਪ੍ਰਕਾਸ਼" (1810), ਰਤਨ ਸਿੰਘ ਭੰਗੂ ਦਾ "ਪੰਥ ਪ੍ਰਕਾਸ਼" ਅਤੇ ਮਹਾਂਕਵੀ ਸੰਤੋਖ ਸਿੰਘ ਦਾ "ਸੂਰਜ ਪ੍ਰਕਾਸ਼" (1843) ਆਦਿ ਦਾ ਜ਼ਿਕਰ ਕਰ ਸਕਦੇ ਹਾਂ। ਇਸ ਤੋਂ ਇਲਾਵਾ 'ਤਵਾਰੀਖ ਗੁਰੂ ਖਾਲਸਾ, ਬੰਸਾਵਲੀਨਾਮਾ ਆਦਿ ਵੀ ਇਸੇ ਸਮੇਂ ਦੌਰਾਨ ਹੀ ਰਚੇ ਗਏ। ਸਿੱਖ ਰਾਜ

ਦੇ ਆਖਰੀ ਸਮੇਂ ਸ਼ਾਹ ਮੁਹੰਮਦ ਦਾ "ਜੰਗਨਾਮਾ" ਵੀ ਇਸ ਦੀ ਗਵਾਹੀ ਭਰਦਾ ਹੈ ਜਿਸ ਵਿੱਚ ਉਹ ਲਿਖਦਾ ਹੈ ਕਿ …
ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਿਸ਼ਾਹੀ ਫੌਜਾਂ ਭਾਰੀਆਂ ਨੇ
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਤੇਗਾਂ ਖਾਲਸੇ ਨੇ ਜਿਹੜੀਆਂ ਮਾਰੀਆਂ ਨੇ।

ਇਹ ਵੀ ਇੱਕ ਜ਼ਿਕਰਯੋਗ ਤੱਥ ਹੈ ਕਿ ਰਣਜੀਤ ਸਿੰਘ ਦੇ ਰਾਜ ਸਮੇਂ ਪੂਰਾ 'ਪੰਜਾਬ ਤੇ ਪੰਜਾਬੀ' ਸਮੁੱਚੇ ਪੰਜਾਬੀਆਂ ਦੇ ਸਨ ਤੇ ਹਰ ਕੋਈ 'ਪੰਜਾਬੀ' ਹੋਣ 'ਤੇ ਮਾਣ ਕਰਦਾ ਸੀ। ਪਰ ਅੰਗਰੇਜੀ ਰਾਜ ਆਉਣ ਤੋਂ 20-25 ਸਾਲਾਂ ਬਾਅਦ ਹੀ ਇਹ ਮੁਸਲਮਾਨ, ਹਿੰਦੂ ਤੇ ਸਿੱਖਾਂ ਦੇ ਪੰਜਾਬ ਵਿੱਚ ਵਟ ਗਿਆ। ਇੰਨਾ ਹੀ ਨਹੀਂ ਇਹਨਾਂ ਨੂੰ ਬੋਲੀਆਂ ਵਿੱਚ ਵੰਡ ਕੇ ਮੁਸਲਮਾਨਾਂ ਨੂੰ ਉਰਦੂ, ਹਿੰਦੂਆਂ ਨੂੰ ਹਿੰਦੀ ਤੇ ਸਿੱਖਾਂ ਨੂੰ ਪੰਜਾਬੀ (ਗੁਰਮੁਖੀ) ਨਾਲ ਜੋੜ ਦਿੱਤਾ ਗਿਆ ਸੀ। ਉਰਦੂ ਤੇ ਹਿੰਦੀ ਪੂਰੇ ਭਾਰਤ (ਹਿੰਦੁਸਤਾਨ) ਵਿੱਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਸਨ। ਇਸੇ ਲਈ ਪੰਜਾਬੀ ਸਿਰਫ਼ ਰਾਜਨੀਤਕ ਤੌਰ ਉੱਪਰ ਘੱਟ ਗਿਣਤੀ ਸਿੱਖਾਂ (8-10%) ਦੀ ਬੋਲੀ ਤੱਕ ਹੀ ਸੀਮਤ ਕਰ ਦਿੱਤੀ ਗਈ। ਜਿਸ ਕਾਰਨ ਇਸ 'ਤੇ ਬਹੁਗਿਣਤੀ ਦੇ ਹਮਲੇ (ਵਿਤਕਰੇ) ਸ਼ੁਰੂ ਹੋਣੇ ਸ਼ੁਰੂ ਹੋ ਗਏ।

ਹੁਣ ਕਿਉਂਕਿ ਪੰਜਾਬੀ ਨੂੰ ਸਿੱਖਾਂ ਨਾਲ ਜੋੜ ਕੇ ਨਫਰਤੀ ਵਰਤਾਰਾ ਸ਼ੁਰੂ ਹੋ ਚੁੱਕਾ ਸੀ ਤਾਂ ਸਿੱਖਾਂ ਨੇ ਵੀ ਪੰਜਾਬੀ ਦੀ ਸੰਭਾਲ ਲਈ ਉਪਰਾਲੇ ਸ਼ੁਰੂ ਕੀਤੇ। ਜਿਸ ਤਹਿਤ 1873 ਨੂੰ ਸਿੰਘ ਸਭਾ ਲਹਿਰ ਦਾ ਆਰੰਭ ਹੋਇਆ, ਜਿਸ ਵਿੱਚ ਬਾਕੀ ਕੰਮਾਂ ਦੇ ਨਾਲ ਪੰਜਾਬੀ ਬੋਲੀ ਦੇ ਪ੍ਰਚਾਰ, ਪ੍ਰਸਾਰ ਨੂੰ ਆਪਣੇ ਮੁੱਖ ਨਿਸ਼ਾਨੇ ਦੇ ਤੌਰ 'ਤੇ ਰੱਖਿਆ ਗਿਆ। ਬੇਸ਼ੱਕ ਅੰਗਰੇਜ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਚੱਲਦਿਆਂ ਪੰਜਾਬੀਆਂ ਦਾ ਆਪਸੀ ਪਿਆਰ ਪਹਿਲਾਂ ਵਾਲਾ ਨਹੀਂ ਸੀ ਰਿਹਾ। ਪਰ 1880 ਵਿੱਚ ਪੰਜਾਬੀ ਭਾਸ਼ਾ ਦਾ ਪਹਿਲਾ ਸਕੂਲ ਸੱਤ ਸਭਾ ਲਾਹੌਰ ਦੇ ਪ੍ਰਧਾਨ ਭਾਈ ਬਿਹਾਰੀ ਲਾਲ ਪੁਰੀ ਦੇ ਸਹਿਯੋਗ ਨਾਲ ਸਿੰਘ ਸਭਾ ਵੱਲੋਂ ਲਾਹੌਰ ਵਿੱਚ ਸ਼ੁਰੂ ਕੀਤਾ ਗਿਆ। ਪੰਜਾਬੀ ਪੱਤਰਕਾਰੀ ਦਾ ਆਰੰਭ ਹਫਤਾਵਰੀ ਗੁਰਮੁਖੀ ਅਖਬਾਰ 'ਖਾਲਸਾ ਅਖਬਾਰ' ਨਾਲ 1885 ਵਿੱਚ ਹੁੰਦਾ ਹੈ ਅਤੇ ਖਾਲਸਾ ਸਮਾਚਾਰ 1889 ਵਿੱਚ ਸ਼ੁਰੂ ਹੁੰਦਾ ਹੈ।

ਭਾਈ ਵੀਰ ਸਿੰਘ ਤੇ ਵਜੀਰ ਸਿੰਘ ਨੇ 1899 ਨੂੰ ਪੰਜਾਬੀ ਦਾ ਪਹਿਲਾ ਛਾਪਾਖਾਨਾ "ਵਜੀਰ ਹਿੰਦ ਪ੍ਰੈਸ ਲਾਹੌਰ" ਆਰੰਭ ਕੀਤਾ। ਜਿਸ ਤੋਂ ਬਾਅਦ ਸਿੰਘ ਸਭਾ ਦੇ ਵਿਦਵਾਨਾਂ ਵੱਲੋਂ ਕਈ ਕਿਤਾਬਚੇ ਪੰਜਾਬੀ ਵਿੱਚ ਛਾਪ ਕੇ ਵੰਡਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਜਿਹਨਾਂ ਵਿੱਚ ਕਰਮ ਕਾਂਡਾਂ ਤੇ ਵਹਿਮਾਂ ਭਰਮਾਂ ਦੇ ਖੰਡਨ ਨਾਲ ਪੰਜਾਬੀ ਪ੍ਰਤੀ ਪਿਆਰ ਪੈਦਾ ਕਰਨ ਲਈ ਵੀ ਪ੍ਰਚਾਰ ਕੀਤਾ ਗਿਆ। ਇਸੇ ਸਮੇਂ ਦੌਰਾਨ ਹੀ ਭਾਈ ਵੀਰ ਸਿੰਘ ਜੀ ਇੱਕ ਯੁੱਗ ਪੁਰਸ਼ ਵਾਂਗ 'ਨਵੀਨ' ਪੰਜਾਬੀ ਸਾਹਿਤ ਦੇ ਪਿਤਾਮਾ ਵਜੋਂ ਉੱਭਰੇ। ਭਾਈ ਵੀਰ ਸਿੰਘ ਦੀ ਲੇਖਣੀ ਦੀ ਵਿਲੱਖਣਤਾ ਇਸ ਪੱਖੋਂ ਵੀ ਵਿਚਾਰਨ ਯੋਗ ਹੈ ਕਿ ਉਹਨਾਂ ਨੇ ਆਪਣੀਆਂ ਲਿਖਤਾਂ ਵਿੱਚ ਔਰਤਾਂ ਨੂੰ ਸਿੱਧੇ ਤੌਰ ਤੇ ਭਾਸ਼ਾ ਨਾਲ ਜੋੜਨ ਲਈ ਔਰਤ ਪ੍ਰਧਾਨ ਨਾਵਲ ਲਿਖੇ ਜਿਵੇਂ ਸੁੰਦਰੀ (1898), ਬਿਜੈ ਸਿੰਘ (1899) ਤੇ ਸਤਵੰਤ ਕੌਰ (1900) ਦੇ ਨਾਲ ਨਾਲ ਪੰਜਾਬੀ ਕਵਿਤਾ ਤੇ ਪੱਤਰਕਾਰੀ ਵਿੱਚ ਵੀ ਅਹਿਮ ਹਿੱਸਾ ਪਾਇਆ। ਕਈ ਵਾਰ ਕੁਝ ਖੱਬੇ ਪੱਖੀ ਪੰਜਾਬੀ ਲੇਖਕ ਵੀ ਭਾਈ ਵੀਰ ਸਿੰਘ ਜੀ ਵਰਗਿਆਂ ਨੂੰ ਪੰਜਾਬੀ ਨਹੀਂ ਸਗੋਂ ਸਿੱਖ ਲੇਖਕ ਪ੍ਰਚਾਰਨ ਦਾ ਗੁਨਾਹ ਕਰਕੇ ਮਾਂ ਬੋਲੀ ਪ੍ਰਤੀ ਆਪਣੀ ਦੇਣਦਾਰੀ ਦਾ ਪ੍ਰਗਟਾਵਾ ਕਰਦੇ ਵੇਖੇ ਜਾ ਸਕਦੇ ਹਨ, ਜੋ ਹਰ ਹਰਗਿਜ਼ ਯੋਗ ਨਹੀਂ ਹੈ।

ਪੰਜਾਬ ਵਿਚਲੀਆਂ ਕੁਝ ਸਿੱਖ ਰਿਆਸਤਾਂ ਜੋ ਸਿੱਧੇ ਤੌਰ 'ਤੇ ਅੰਗਰੇਜਾਂ ਅਧੀਨ ਨਹੀਂ ਸਨ ਜਿਹਨਾਂ ਦੀ ਯੂਨੀਅਨ 1948 ਵਿੱਚ ਪੈਪਸੂ (Patiala and East Punjab State Union) ਦੇ ਰੂਪ ਵਿੱਚ ਸਥਾਪਤ ਹੋਈ, ਪੰਜਾਬੀ ਪ੍ਰਤੀ ਉਹਨਾਂ ਦਾ ਯੋਗਦਾਨ ਵੀ ਬਹੁਮੁੱਲਾ ਹੈ। ਰਿਆਸਤ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਵੱਲੋਂ ਭਾਈ ਕਾਹਨ ਸਿੰਘ ਨਾਭਾ ਦੀ ਅਗਵਾਈ ਵਿੱਚ ਸਰੋਤ ਗਰੰਥਾਂ ਦੀ ਤਿਆਰੀ ਦਾ ਕੰਮ ਬਹੁਤ ਮਹਾਨ ਹੈ।

ਗੁਰਮਤਿ ਪ੍ਰਭਾਕਰ, ਗੁਰਮੁਤਿ ਸੁਧਾਕਰ (1898-99), ਮਹਾਨ ਕੋਸ਼ (1912-26) ਜਿਸਦੀ ਛਪਾਈ ਵਿੱਚ ਪਟਿਆਲਾ ਅਤੇ ਕਪੂਰਥਲਾ ਰਿਆਸਤਾਂ ਤੋਂ ਇਲਾਵਾ ਸਿੰਘ ਸਭਾ ਲਹਿਰ ਦਾ ਵੀ ਬਹੁਤ ਵੱਡਾ ਯੋਗਦਾਨ ਸੀ। ਇਸ ਦੌਰਾਨ ਗੁਰਦਵਾਰਾ ਸੁਧਾਰ ਲਹਿਰ ਤੇ ਭਾਰਤ ਦੀ ਆਜ਼ਾਦੀ ਲਈ ਲਿਖਿਆ ਗਿਆ ਸਾਹਿਤ ਵੀ ਜ਼ਿਕਰਯੋਗ ਹੈ। ਪੰਜਾਬੀ ਦੇ ਬਹੁਤ ਸਾਰੇ ਲੇਖਕ ਜਿਹਨਾਂ ਵਿੱਚ ਨਾਨਕ ਸਿੰਘ, ਪ੍ਰੋ ਮੋਹਨ ਸਿੰਘ, ਪ੍ਰੋ ਪੂਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ, ਧਨੀ ਰਾਮ ਚਾਤ੍ਰਿਕ, ਉਸਤਾਦ ਦਾਮਨ, ਗੁਰਬਖਸ਼ ਸਿੰਘ ਪ੍ਰੀਤਲੜੀ, ਕਰਤਾਰ ਸਿੰਘ ਦੁੱਗਲ, ਜਸਵੰਤ ਸਿੰਘ ਕੰਵਲ ਤੇ ਅਨੇਕਾਂ ਹੋਰ ਨੇ ਵੱਖ ਵੱਖ ਵੰਨਗੀਆਂ ਵਿੱਚ ਸਾਹਿਤ ਸਿਰਜਣਾ ਕੀਤੀ। ਜਿਸ ਨਾਲ ਨਾ ਸਿਰਫ਼ ਪੰਜਾਬੀ ਸਾਹਿਤ ਦਾ ਘੇਰਾ ਵਿਸ਼ਾਲ ਹੋਇਆ ਇਸ ਨਾਲ ਪੰਜਾਬੀ ਪਾਠਕਾਂ ਦੀ ਗਿਣਤੀ ਵਿੱਚ ਵੀ ਭਾਰੀ ਵਾਧਾ ਹੋਇਆ। ਜਿਸ ਨੇ ਪੰਜਾਬੀ ਪ੍ਰਤੀ ਇੱਕ ਨਵੀਂ ਲਹਿਰ ਪੈਦਾ ਕਰਨ ਵਿੱਚ ਮਦਦ ਕੀਤੀ।

1947 ਦੀ ਪੰਜਾਬ ਵੰਡ ਸਮੇਂ ਬਹੁਤ ਵੱਡੀ ਗਿਣਤੀ ਵਿੱਚ ਪੰਜਾਬੀ ਬੋਲਣ ਵਾਲੇ ਲਹਿੰਦੇ ਪੰਜਾਬ ਚਲੇ ਗਏ ਜਾਂ ਰਹਿ ਗਏ ਤਾਂ ਆਜਾਦ ਭਾਰਤ ਵਿੱਚ ਪੰਜਾਬੀ ਲਿਖਣ ਤੇ ਬੋਲਣ ਵਾਲਿਆਂ ਦੀ ਗਿਣਤੀ ਹੋਰ ਵੀ ਘੱਟ ਗਈ ਤੇ ਬਹੁਗਿਣਤੀ ਵੱਲੋਂ ਕੀਤੇ ਜਾਣ ਵਾਲੇ ਵਿਤਕਰਿਆਂ ਦਾ ਪੰਜਾਬੀ ਬੋਲੀ ਨੂੰ ਹੋਰ ਵੀ ਜਿਆਦਾ ਸ਼ਿਕਾਰ ਹੋਣਾ ਪਿਆ। ਜਿਸ ਨਾਲ ਪੰਜਾਬੀ ਬੋਲੀ ਲਈ ਨਵੀਆਂ ਚਣੌਤੀਆਂ ਪੈਦਾ ਹੋਈਆਂ। ਭਾਸ਼ਾ ਦੇ ਆਧਾਰ ‘ਤੇ ਸੂਬਿਆਂ ਦੇ ਗਠਨ ਸਮੇਂ ਪੰਜਾਬੀ ਬੋਲੀ ਆਧਾਰਿਤ ਸੂਬੇ ਦੀ ਮੰਗ ਨੂੰ ਸਿੱਖਾਂ ਦੀ ਮੰਗ ਕਹਿ ਕੇ ਲਟਕਾਇਆ ਗਿਆ। ਕਾਫ਼ੀ ਜੱਦੋਜਹਿਦ ਤੋਂ ਬਾਅਦ 1966 ਵਿੱਚ ਪੰਜਾਬੀ ਸੂਬੇ ਦਾ ਗਠਨ ਕੀਤਾ ਗਿਆ। ਜਿਸ ਦੌਰਾਨ ਵੱਡੀ ਗਿਣਤੀ ਵਿੱਚ ਪੰਜਾਬੀ ਬੋਲਣ ਵਾਲੇ ਇਲਾਕੇ ਹਰਿਆਣਾ ਤੇ ਹਿਮਾਚਲ ਵਿੱਚ ਸ਼ਾਮਲ ਕਰਕੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਨੂੰ ਹੋਰ ਘੱਟ ਕਰਨ ਦੀ ਸਾਜਿਸ਼ ਕੀਤੀ ਗਈ। ਰਾਜਨੀਤਕ ਚਾਲਾਂ ਰਾਹੀਂ ਪੰਜਾਬੀ ਨੂੰ ਸਿੱਖਾਂ ਦੀ ਬੋਲੀ ਤੱਕ ਸੀਮਤ ਕਰਕੇ ਪੰਜਾਬ ਦੇ ਪੰਜਾਬੀ ਬੋਲਣ ਵਾਲੇ ਹਿੰਦੂਆਂ ਵੱਲੋਂ ਮਰਦਮਸ਼ੁਮਾਰੀ ਵਿੱਚ ਹਿੰਦੀ ਬੋਲੀ ਲਿਖ ਕੇ ਆਪਣੀ ਮਾਂ ਬੋਲੀ ਪੰਜਾਬੀ ਨਾਲ ਦਗਾ ਕੀਤਾ ਗਿਆ।

ਅੱਜ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਬੋਲਣ ਵਾਲੇ ਕੁਝ ਇੱਕ ਨੂੰ ਛੱਡ ਕੇ ਜਾਂ ਤਾਂ ਆਪਣੀ ਭਾਸ਼ਾ ਉਰਦੂ ਦੱਸ ਕੇ ਮੁਸਲਮਾਨ ਹੋਣ ਦਾ ਭਰਮ ਪਾਲ ਰਹੇ ਜਾਂ ਸਰਕਾਰੀ ਦਬਾਅ ਅਧੀਨ ਪੰਜਾਬੀ ਬੋਲਦੇ ਹੋਏ ਵੀ ਉਰਦੂ ਅਪਣਾਈ ਜਾ ਰਹੇ ਹਨ। ਹਿੰਦੂ ਪੰਜਾਬੀ ਆਪਣੀ ਮਾਂ ਬੋਲੀ ਛੱਡ ਕੇ ਹਿੰਦੀ ਭਾਸ਼ੀ ਹੋਣ ਦਾ ਚਿੱਟਾ ਝੂਠ ਮਾਰ ਰਹੇ ਹਨ। ਸ਼ੁਕਰ ਹੈ ਕਿ ਸਿੱਖਾਂ ਨੇ ਪੰਜਾਬੀ ਨੂੰ ਡੱਟ ਕੇ ਅਪਣਾ ਲਿਆ ਹੈ, ਨਹੀਂ ਤਾਂ ਅੱਜ ਜੋ ਪੰਜਾਬੀ ਨੂੰ ਸੰਸਾਰ ਵਿੱਚ ਮਾੜੀ ਮੋਟੀ ਥਾਂ ਮਿਲੀ ਹੋਈ ਹੈ ਇਸਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

1 ਨਵੰਬਰ 1966 ਨੂੰ ਪੰਜਾਬੀ ਬੋਲੀ ‘ਤੇ ਆਧਾਰਿਤ ਨਵੇਂ ਸੂਬੇ ਦੀ ਸਰਕਾਰੀ ਬੋਲੀ ਪੰਜਾਬੀ ਲਾਗੂ ਕਰਨ ਦਾ ਰਾਹ ਖੁੱਲ ਗਿਆ। ਇਹ ਮੌਕਾ ਪੰਜਾਬੀ ਦੇ ਇਤਿਹਸ ਵਿੱਚ ਪਹਿਲੀ ਵਾਰ ਆਇਆ ਸੀ। 19 ਦਸੰਬਰ 1967 ਨੂੰ ਸ੍ਰ ਲਛਮਣ ਸਿੰਘ ਗਿੱਲ ਦੀ ਸਰਕਾਰ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਪੰਜਾਬ ਰਾਜ ਭਾਸ਼ਾ ਬਿੱਲ ਪਾਸ ਹੋਇਆ। 29 ਦਸੰਬਰ ਨੂੰ ਰਾਜਪਾਲ ਨੇ ਦਸਤਖਤ ਕੀਤੇ ਅਤੇ ਇਹ ਬਿੱਲ ਐਕਟ ਬਣ ਗਿਆ। 30 ਦਸੰਬਰ 1967 ਨੂੰ ਐਲਾਨ ਜਾਰੀ ਕੀਤਾ ਕਿ 1 ਜਨਵਰੀ 1968 ਤੋਂ ਪੰਜਾਬ ਦੇ ਸਾਰੇ ਦਫਤਰਾਂ ਵਿੱਚ ਕੰਮਕਾਰ ਦਾ ਮਾਧਿਅਮ ਸਿਰਫ਼ ਪੰਜਾਬੀ ਹੋਵੇਗਾ। ਪੰਜਾਬੀ ਲਾਗੂ ਨਾ ਕਰਨ ਵਾਲੇ ਅਫਸਰਾਂ ਤੇ ਕਾਰਵਾਈ ਕਰਨ ਦਾ ਐਲਾਨ ਕੀਤਾ ਗਿਆ। ਭਾਸ਼ਾ ਵਿਭਾਗ ਨੂੰ ਬਗੈਰ ਅਗਾਊਂ ਸੂਚਨਾ ਦੇ ਕਿਸੇ ਵੀ ਦਫਤਰ ਵਿੱਚ ਅਚਾਨਕ ਛਾਪਾ ਮਾਰਨ ਦੇ ਅਧਿਕਾਰ ਦਿੱਤੇ ਗਏ। 23 ਮਈ 1968 ਨੂੰ ਭਾਸ਼ਾ ਵਿਭਾਗ ਦੇ ਡਾਇਰੈਕਟਰ ਦੀ ਰਿਪੋਰਟ ਅਨੁਸਾਰ ਪੰਜਾਬੀ ਲਾਗੂ ਨਾ ਕਰਨ ਦੀ ਇੱਕ ਵੀ ਸ਼ਿਕਾਇਤ ਨਹੀਂ ਸੀ। ਹਰ ਥਾਂ ਪੰਜਾਬੀ ਸਰਕਾਰੀ ਭਾਸ਼ਾ ਦੇ ਤੌਰ ‘ਤੇ ਲਾਗੂ ਹੋ ਚੁੱਕੀ ਸੀ। ਸ੍ਰ

ਲਛਮਣ ਸਿੰਘ ਗਿੱਲ ਦੇ ਪਿੱਛੋ ਗਿਆਨੀ ਜ਼ੈਲ ਸਿੰਘ ਇੱਕ ਵਾਰ, ਪ੍ਰਕਾਸ਼ ਸਿੰਘ ਬਾਦਲ ਕਈ ਵਾਰ, ਕੈਪਟਨ ਅਮਰਿੰਦਰ ਸਿੰਘ ਦੋ ਵਾਰ ਮੁੱਖ ਮੰਤਰੀ ਰਹੇ। ਗਿਆਨੀ ਜ਼ੈਲ ਸਿੰਘ ਦੇ ਪੰਜ ਸਾਲ ਨੂੰ ਛੱਡ ਕੇ ਕਿਸੇ ਨੇ ਵੀ ਪੰਜਾਬੀ ਬੋਲੀ ਲਈ ਯਤਨ ਨਹੀਂ ਕੀਤਾ, ਸਗੋਂ ਸਾਰਾ ਕੰਮ ਅੰਗਰੇਜੀ ਵਿੱਚ ਹੋਣ ਲੱਗਾ ਤੇ ਹੋ ਰਿਹਾ ਹੈ।

ਪ੍ਰਕਾਸ਼ ਸਿੰਘ ਬਾਦਲ ਸਰਕਾਰ ਦੌਰਾਨ ਭਾਸ਼ਾ ਵਿਭਾਗ ਤੋਂ ਛਾਪਾ ਮਾਰਨ ਦਾ ਅਧਿਕਾਰ ਵਾਪਸ ਲੈ ਲਿਆ ਗਿਆ। ਪੰਜਾਬੀ ਭਾਸ਼ਾ ਕਾਨੂੰਨ ਵਿੱਚ ਦੋ ਵਾਰ ਸੋਧਾਂ ਹੋਈਆਂ। ਜਿਹਨਾਂ ਵਿੱਚ 5 ਨਵੰਬਰ 2008 ਅਤੇ 13 ਜੂਨ 2022 ਨੂੰ ਪੰਜਾਬੀ ਭਾਸ਼ਾ ਲਾਗੂ ਕਰਨ ਦੇ ਕਾਨੂੰਨ ਵਿੱਚ ਸੋਧ ਕੀਤੀ ਗਈ ਅਤੇ ਇਸਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਸੰਬੰਧਤ ਅਧਿਕਾਰੀਆਂ ਤੇ ਸੰਸਥਾਵਾਂ ਲਈ ਸਜਾਵਾਂ ਨਿਯਤ ਕੀਤੀਆਂ ਗਈਆਂ। ਪਰ ਸਰਕਾਰੀ ਇੱਛਾ ਸ਼ਕਤੀ ਦੀ ਅਣਹੋਂਦ ਕਾਰਨ ਕੋਈ ਖਾਸ ਸਿੱਟਾ ਨਾ ਨਿਕਲਿਆ।

ਪੰਜਾਬੀ ਭਾਸ਼ਾ ਦੀ ਤਰੱਕੀ ਲਈ ਕਈ ਸੰਸਥਾਵਾਂ ਹੋਂਦ ਵਿੱਚ ਆਈਆਂ। ਪੰਜਾਬੀ ਯੂਨੀਵਰਸਿਟੀ ਪਟਿਆਲਾ 1962, ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 1962, ਪੰਜਾਬੀ ਵਿਭਾਗ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਭਾਸ਼ਾ ਵਿਭਾਗ ਪਟਿਆਲਾ, ਵਿਸ਼ਵ ਪੰਜਾਬੀ ਕੇਂਦਰ ਪਟਿਆਲਾ ਤੇ ਅਨੇਕਾਂ ਹੋਰ ਸੰਸਥਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪਰ ਬਹੁਤੀਆਂ ਵਿੱਚ ਕੁਝ ਖਾਸ ਕੰਮ ਨਹੀਂ ਹੋ ਰਿਹਾ

ਅੱਜ ਸੰਸਾਰ ਦੇ 60 ਤੋਂ ਵੱਧ ਦੇਸ਼ਾਂ ਵਿੱਚ ਪੰਜਾਬੀ ਵੱਸਦੇ ਹਨ। ਬਹੁਤ ਸਾਰੀਆਂ ਸਾਹਿਤ ਸਭਾਵਾਂ ਹਨ। ਵੱਖ ਵੱਖ ਦੇਸ਼ਾ ਵਿੱਚ ਬਣੇ ਗੁਰਦਵਾਰਾ ਸਾਹਿਬਾਨ ਵਿੱਚ ਪੰਜਾਬੀ ਪੜਾਉਣ ਦਾ ਬਹੁਤ ਚੰਗਾ ਪ੍ਰਬੰਧ ਹੈ। ਇਸਦੇ ਨਾਲ ਨਾਲ ਕੁਝ ਸਕੂਲ ਵੀ ਹੋਂਦ ਵਿੱਚ ਆਏ ਹਨ ਜਿਹਨਾਂ ਵਿੱਚ ਬਾਕੀ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਦੀ ਪੜਾਈ ਕਰਾਈ ਜਾਂਦੀ ਹੈ। ਵਿਦੇਸ਼ਾਂ ਵਿੱਚ ਪੰਜਾਬੀ ਨੂੰ ਪਿਆਰ ਕਰਨ ਵਾਲੇ ਇਸ ਦੇ ਪ੍ਰਸਾਰ ਤੇ ਪ੍ਰਚਾਰ ਹਿੱਤ ਯਤਨਸ਼ੀਲ ਹਨ। ਪਰ ਪੰਜਾਬ ਵਿੱਚ ਬਹੁਤ ਸਾਰੇ ਸੁਹਿਰਦ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਦੇ ਉੱਦਮ ਤੇ ਕੋਸ਼ਿਸ਼ਾਂ ਸਿਆਸਤ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਸ਼ੁਰੂ ਦੇ ਦੌਰ ਵਿੱਚ ਭਾਸ਼ਾ ਵਿਭਾਗ ਨੇ ਸਿਰੜੀ ਪੰਜਾਬੀ ਵਿਦਵਾਨਾਂ ਦੀ ਮਿਹਨਤ ਨਾਲ ਬਹੁਤ ਕੰਮ ਕੀਤਾ। ਬਦਲਦੇ ਸਮੇਂ ਦੀ ਲੋੜ ਅਨੁਸਾਰ ਅੱਜ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆਂ ਲਈ ਅਜੇ ਬਹੁਤ ਕੁਝ ਕਰਨਾ ਬਾਕੀ ਹੈ।

ਦੇਖਣ ਵਿੱਚ ਆਉਂਦਾ ਹੈ ਕਿ ਭਾਰਤ ਤੋਂ ਬਾਹਰ ਪੰਜਾਬੀ ਦੀ ਪੜਾਈ ਲਈ ਸ਼ਲਾਘਾਯੋਗ ਕੰਮ ਹੋ ਰਹੇ ਹਨ, ਨਵਾਂ ਸਾਹਿਤ ਰਚਿਆ ਜਾ ਰਿਹਾ ਹੈ। ਨੌਜਵਾਨੀ ਇਸ ਖੇਤਰ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨੂੰ ਸੰਭਾਲ ਰਹੀ ਹੈ। ਪੰਜਾਬੀ ਸਾਹਿਤ ਸਭਾਵਾਂ ਆਪਣੇ ਪੱਧਰ ‘ਤੇ ਸਾਹਿਤਕ ਸਮਾਗਮ, ਸੈਮੀਨਾਰ, ਕਾਨਫਰੰਸਾਂ ਤੇ ਹੋਰ ਕਈ ਅਜਿਹੇ ਉਪਰਾਲੇ ਕਰ ਰਹੀਆਂ ਹਨ, ਜੋ ਸ਼ਲਾਘਾਯੋਗ ਹੈ। ਪਰ ‘ਅਜੇ ਦਿੱਲੀ ਦੂਰ ਹੈ’ ਵਾਲੀ ਕਹਾਵਤ ਵੀ ਧਿਆਨ ਮੰਗਦੀ ਹੈ ਤੇ ਹੋਰ ਯਤਨ ਕਰਨ ਲਈ ਵੰਗਾਰ ਰਹੀ ਹੈ। ਰੱਬ ਕਰੇ ਪੰਜਾਬੀ ਬੋਲੀ ਤੇ ਪੰਜਾਬੀਆਂ ਦੀ ਸਮੁੱਚੇ ਸੰਸਾਰ ਵਿੱਚ ਚੜਦੀ ਕਲਾ ਹੋਵੇ। ਮੈਂ ਆਪਣੀ ਗੱਲ ਪਾਤਰ ਸਾਹਿਬ ਦੀਆਂ ਇਹਨਾਂ ਸਤਰਾਂ ਨਾਲ ਖਤਮ ਕਰਦਾ ਹਾਂ...

ਮੈਂ ਤਾਂ ਸੜਕਾਂ ਤੇ ਵਿਛੀ ਬਿਰਖ਼ ਦੀ ਛਾਂ ਹਾਂ
ਮੈਂ ਨਹੀਂ ਮਿਟਣਾ ਲੱਖ ਵਾਰੀ ਲੰਘ ਮਸਲ ਕੇ

ਨੋਟ -ਇਹ ਪੰਜਾਬੀ ਮਾਂ ਬੋਲੀ ਦਾ ਸੁਨੇਹਾ ਬੇਗਾਨੇ ਹੋ ਚੁੱਕੇ ਆਪਣਿਆਂ ਲਈ ਹੈ।

ਡਾ ਅਵਤਾਰ ਸਿੰਘ ਬਰਮਿੰਘਮ ਯੂ ਕੇ